**ਨਿਊਜ਼** ਰਿਲੀਜ਼

# ਕੇ-12 ਵਿਦਿਆਰਥੀ ਇਕ ਖੇਤਰ ਨੂੰ ਛੱਡ ਕੇ ਬਾਕੀ ਸਾਰੇ ਖੇਤਰਾਂ ‘ਚ ਕਲਾਸਰੂਮਾਂ ‘ਚ ਵਾਪਸ ਪਰਤ ਰਹੇ ਹਨ

19 ਮਈ 2021

---

ਰਿਜਨਲ ਮਿਊਂਸਿਪੈਲਿਟੀ ਆਫ ਵੁੱਡ ਬੱਫਲੋ ਦੇ ਵਿਦਿਆਰਥੀਆਂ ਨੂੰ ਛੱਡ ਕੇ, ਐਲਬਰਟਾ ਭਰ ਦੇ ਵਿਦਿਆਰਥੀ ਬਣੀ ਯੋਜਨਾਂ ਅਨੁਸਾਰ 25 ਮਈ ਨੂੰ ਆਪਣੇ ਕਲਾਸਰੂਮਾਂ ‘ਚ ਵਾਪਸ ਪਰਤ ਆਉਣਗੇ।

ਦੋ ਹਫਤਿਆਂ ਦੀ ਘਰ ‘ਚ ਪੜ੍ਹਾਈ ਦੀ ਤਬਦੀਲੀ ਨੇ ਵਿਦਿਅਕ ਸਿਸਟਮ ਨੂੰ ਆਪਣੀਆਂ ਆਪਰੇਸ਼ਨਲ ਚੁਣੌਤੀਆਂ ਨਾਲ ਨਿਪਟਣ ਲਈ ਸਮਾਂ ਦਿੱਤਾ, ਜਿਹੜੀਆਂ ਸੂਬੇ ‘ਚ ਕੋਵਿਡ-19 ਦੇ ਕੇਸਾਂ ਦੇ ਵਾਧੇ ਕਾਰਨ ਪੈਦਾ ਹੋਈਆਂ ਸਨ। ਰਿਜਨਲ ਮਿਊਂਸਿਪੈਲਿਟੀ ਆਫ ਵੁੱਡ ਬੱਫਲੋ  ਦੇ ਕੇ-12 ਵਿਦਿਆਰਥੀ ਇਕ ਹੋਰ ਹਫਤੇ ਲਈ ਘਰ ‘ਚ ਪੜ੍ਹਾਈ ਜਾਰੀ ਰੱਖਣਗੇ, ਜਦੋਂ ਕਿ ਇੰਨ-ਪਰਸਨ ਪੜ੍ਹਾਈ ‘ਤੇ ਵਾਪਸੀ 31 ਮਈ ਤੋਂ ਮਿਥੀ ਗਈ ਹੈ।

“ਮੈਨੂੰ ਖੁਸ਼ੀ ਹੈ ਕਿ ਸਾਡੀ ਦੋ ਹਫਤਿਆਂ ਦੀ ਯੋਜਨਾਂ ਤਕਰੀਬਨ ਸੂਬੇ ਦੇ ਸਾਰੇ ਖੇਤਰਾਂ ‘ਚ ਸਫਲ ਰਹੀ। ਹਰ ਇਕ ਨੇ ਬਿਮਾਰੀ ਦੇ ਤੇਜ਼ ਵਾਧੇ ਨੂੰ ਰੋਕਣ ਲਈ ਸਖਤ ਮਿਹਨਤ ਕੀਤੀ ਅਤੇ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਸਾਰੇ ਵਿਦਿਆਰਥੀ ਆਪਣੇ ਸਕੂਲੀ ਵਰ੍ਹੇ ਦਾ ਬਾਕੀ ਰਹਿੰਦਾ ਹਿੱਸਾ ਕਲਾਸਰੂਮਾਂ ‘ਚ ਹੀ ਖਤਮ ਕਰਨਗੇ। ਮੈਂ ਸਾਰੇ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਅਤੇ ਸਟਾਫ ਦਾ, ਉਨ੍ਹਾਂ ਦੇ ਯਤਨਾਂ ਅਤੇ ਅਨੁਕੂਲਣ ਕਰਕੇ ਧੰਨਵਾਦ ਕਰਨਾਂ ਚਾਹੁੰਦੀ ਹਾਂ, ਜਦੋਂ ਕਿ ਅਸੀਂ ਵਿਦਿਆਰਥੀਆਂ ਦੀ ਸਿੱਖਿਆ ਨੂੰ ਜਾਰੀ ਰੱਖਣ ਲਈ ਕੰਮ ਕਰਦੇ ਰਹੇ।”

*Adriana LaGrange, ਮਿਨਿਸਟਰ ਆਫ ਐਜੂਕੇਸ਼ਨ*

ਰਿਜਨਲ ਮਿਊਂਸਪੈਲਿਟੀ ਆਫ ਵੁੱਡ ਬੱਫਲੋ ਦੇ ਸਾਰੇ ਸਕੂਲ (ਪਬਲਿਕ, ਕੈਥੋਲਿਕ, ਚਾਰਟਰ ਅਤੇ ਇੰਡਿਪੈਂਡੈਂਟ) ਇਕ ਹੋਰ ਹਫਤੇ ਵਾਸਤੇ ਘਰ ‘ਚ ਪੜ੍ਹਾਈ ਕਰਨਾ ਜਾਰੀ ਰੱਖਣਗੇ। ਇਸ ਖੇਤਰ ‘ਚ ਕੇਸਾਂ ਦੀ ਗਿਣਤੀ ਹੋਰ ਖੇਤਰਾਂ ਦੇ ਬਰਾਬਰ ਦੀ ਦਰ ਨਾਲ ਹੇਠਾਂ ਵੱਲ ਨੂੰ ਨਹੀਂ ਆ ਰਹੀ, ਜਿਸਦਾ ਮਤਲਬ ਹੈ ਇੰਨ-ਸਕੂਲ ਆਪਰੇਸ਼ਨਲ ਚੁਣੌਤੀਆਂ ਦੀ ਉਚੇਰੀ ਸੰਭਾਵਨਾਂ।

ਸਖਤ ਸਿਹਤ ਪ੍ਰੋਟੋਕੋਲ, ਜਿਹੜੇ ਮੌਜੂਦਾ ਸਮੇਂ ਸਕੂਲਾਂ ‘ਚ ਲਾਗੂ ਹਨ, ਉਹ ਜਾਰੀ ਰਹਿਣਗੇ, ਸਮੇਤ ਮਾਸਕ ਪਾਉਣ ਦੀਆਂ ਜ਼ਰੂਰਤਾਂ, ਸਮੂਹ, ਰੋਗ-ਲੱਛਣਾਂ ਲਈ ਸਕਰੀਨਿੰਗ ਅਤੇ ਬੈਠਣ ਦੇ ਇੰਤਜ਼ਾਮ। ਇਹ, ਵਧੇਰੇ ਐਲਬਰਟਾ ਨਿਵਾਸੀਆਂ, ਸਮੇਤ ਸਕੂਲ ਸਟਾਫ  ਅਤੇ 12 ਸਾਲ ਅਤੇ ਵੱਧ ਉਮਰ ਦੇ ਵਿਦਿਆਰਥੀਆਂ ਵੱਲੋਂ ਕੋਵਿਡ-19 ਵੈਕਸੀਨ ਲਗਵਾਏ ਜਾਣ ਨਾਲ ਬਣੀ ਸੁਰੱਖਿਆ ਦੀ ਇਕ ਹੋਰ ਵਧੀਕ ਪਰਤ ਤੋਂ ਇਲਾਵਾ ਹੋਣਗੇ।

ਸਕੂਲਾਂ ‘ਚ ਰੈਪਿਡ ਸਕਰੀਨਿੰਗ ਟੈਸਟ ਕਰਨ ‘ਚ ਵਿਸਤਾਰ ਲਿਆਉਣਾ ਵੀ ਬਣਾਈ ਗਈ ਯੋਜਨਾਂ ਅਨੁਸਾਰ, ਅਗਲੇ ਹਫਤੇ ਤੋਂ ਸ਼ੁਰੂ ਹੁੰਦਿਆਂ, ਐਡਮਿੰਟਨ, ਕੈਲਗਰੀ, ਫੋਰਟ ਮੈਕਮਰੀ, ਗਰੈਂਡ ਪਰੇਰੀ ਅਤੇ ਲੈੱਥਬਰਿਜ ਅਤੇ ਹੋਰ ਕਮਿਊਨਿਟੀਆਂ ‘ਚ ਜਿੱਥੇ ਲੋੜੀਂਦਾ ਹੈ, ਅਗਾਂਹ ਵਧ ਰਿਹਾ ਹੈ। ਐਡਮਿੰਟਨ ਅਤੇ ਕੈਲਗਰੀ ਸਕੂਲ ਡਿਵੀਜ਼ਨਾਂ ਨੂੰ ਇੰਨ-ਪਰਸਨ ਪੜ੍ਹਾਈ ‘ਚ ਮੁੜ-ਵਾਪਸੀ ਸ਼ੁਰੂ ਹੋਣ ਤੋਂ ਪਹਿਲਾਂ ਚੋਣਵੇਂ ਸਕੂਲਾਂ ‘ਚ ਟੈਸਟ ਕਰਨ ਵਾਲੀਆਂ ਟੀਮਾਂ ਉਪਲਬਧ ਕਰਵਾਉਣ ਦਾ ਮੌਕਾ ਦਿੱਤਾ ਗਿਆ ਹੈ। ਰੈਪਿਡ ਟੈਸਟ ਕਰਨਾਂ ਕੋਵਿਡ-19 ਦੇ ਫੈਲਾਅ ਵਿਰੁੱਧ ਰੋਕਥਾਮ ਦੀ ਇਕ ਹੋਰ ਪਰਤ

ਹੈ, ਜਿਸ ‘ਚ ਰੋਗ-ਲੱਛਣ ਰਹਿਤ ਲੋਕਾਂ ਦੀ ਝਟਪਟ ਪਛਾਣ ਹੋ ਜਾਂਦੀ ਹੈ, ਜਿੰਨ੍ਹਾਂ ‘ਚ ਵਾਇਰਸ ਹੋ ਸਕਦਾ ਹੈ। ਸਿੱਖਿਆ ਮਹਿਕਮੇ ਦੀ ਰੈਪਿਡ ਟੈਸਟਿੰਗ ਟੀਮ ਸਕੂਲਾਂ ਦੀ ਅੰਤਮ ਚੋਣ ਕਰਨ, ਲੌਜਿਸਟਿਕਸ, ਸਹਿਮਤੀ ਦੇ ਅਮਲ ਅਤੇ ਸਮਾਂ-ਸੂਚੀਆਂ ਬਣਾਉਣ ਬਾਰੇ ਸਕੂਲ ਡਿਵੀਜ਼ਨਾਂ ਨਾਲ ਕੰਮ ਕਰੇਗੀ।

ਅੱਜ ਦੀ ਤਰੀਕ ਤੱਕ, ਐਡਮਿੰਟਨ ਅਤੇ ਕੈਲਗਰੀ ਦੇ ਸਕੂਲਾਂ ‘ਚ 10,800 ਟੈਸਟ ਹੋ ਚੁੱਕੇ ਹਨ, ਜਿੰਨ੍ਹਾਂ ਦੇ ਨਤੀਜੇ ਵਜੋਂ 44 ਸ਼ੁਰੂਆਤੀ ਪਾਜ਼ੇਟਿਵ ਨਤੀਜੇ ਸਾਹਮਣੇ ਆਏ। ਹਰ ਕੋਈ, ਜਿਸਦਾ ਸਕਰੀਨਿੰਗ ਟੈਸਟ ਪਾਜ਼ੇਟਿਵ ਆਇਆ ਉਸਨੂੰ ਐਲਬਰਟਾ ਹੈਲਥ ਸਰਵਿਸਿਜ਼ ਦੇ ਜਾਂਚ ਕੇਂਦਰ ਤੋਂ ਲੈਬ ਟੈਸਟ ਰਾਹੀਂ ਆਪਣੇ ਨਤੀਜੇ ਦੀ ਪੁਸ਼ਟੀ ਕਰਵਾਉਣ ਵਾਸਤੇ ਆਖਿਆ ਗਿਆ। ਕਿਸੇ ਰੈਪਿਡ ਟੈਸਟ ‘ਚ ਪਾਜ਼ੇਟਿਵ ਨਤੀਜਾ ਆਉਣ ਦਾ ਮਤਲਬ ਹੋਵੇਗਾ ਕਿ ਉਸ ਸਟਾਫ ਜਾਂ ਵਿਦਿਆਰਥੀ ਨੂੰ ਉਸ ਦਿਨ ਤੋਂ ਸ਼ੁਰੂ ਕਰਕੇ 10 ਦਿਨਾਂ ਲਈ ਇਕਾਂਤਵਾਸ ‘ਚ ਜਾਣ ਦੀ ਜ਼ਰੂਰਤ ਹੋਵੇਗੀ, ਸਿਵਾਏ ਇਸਦੇ ਕਿ ਐਲਬਰਟਾ ਹੈਲਥ ਸਰਵਿਸਿਜ਼ ਦੁਆਰਾ ਕੀਤੇ ਗਏ ਉਤਰੋਤਰ ਟੈਸਟ ‘ਚ ਨਤੀਜਾ ਨੈਗੇਟਿਵ ਆਇਆ ਹੈ, ਜਿਸ ਹਾਲਤ ‘ਚ ਉਹ ਸਕੂਲ ਵਾਪਸ ਪਰਤ ਸਕਦੇ ਹਨ।

## ਸਬੰਧਤ ਜਾਣਕਾਰੀ

- K-12 learning during COVID-19
- COVID-19 guidance and health measures for K-12 schools

## ਮਲਟੀਮੀਡੀਆ

- Watch the news conference

## ਮੀਡੀਆ ਇਨਕੁਆਰੀਆਂ

Nicole Sparrow
780-720-1915
ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*